# ਸ਼ੇਖ ਫ਼ਰੀਦ - ਸਬਦ ੬੩

## ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ ॥

## ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੮੧

ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ ॥
ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ ॥੬੦॥

ਸਾਰ: ਸੇਵਾ ਦੇ ਤੱਤਸਾਰ ਦੇ ਅਸਲ ਸਰੂਪ ਨੂੰ ਸਮਝਣ ਲਈ, ਸਾਨੂੰ ਕੁਦਰਤ ਨੂੰ ਗੰਭੀਰਤਾ ਨਾਲ ਨਿਹਾਰਣਾ ਚਾਹੀਦਾ ਹੈ ਤਾਂ ਜੋ ਅਸਲ ਸੂਝ ਦੀ ਪ੍ਰਾਪਤੀ ਹੋ ਸਕੇ। ਜਿਵੇਂ-ਜਿਵੇਂ ਪਤਝੜ ਦਸਤਕ ਦਿੰਦੀ ਹੈ, ਰੁੱਖਾਂ ਤੋਂ ਪੱਤੇ ਝੜ੍ਹ ਜ਼ਮੀਨ 'ਤੇ ਡਿੱਗਦੇ ਹਨ। ਸੜਦੇ-ਗਲ੍ਹ ਖਾਦ ਰੂਪ ਹੋ ਮਿੱਟੀ ਨੂੰ ਉਪਜਾਊ ਬਣਾਉਂਦੇ ਹਨ। ਇਹ ਪ੍ਰਕਿਰਿਆ ਪ੍ਰਸ਼ੰਸਾ ਜਾਂ ਮਾਨਤਾ ਦੀ ਮੰਗ ਨਹੀਂ ਕਰਦੀ; ਇਹ ਬੇਗਰਜ਼ ਜੰਗਲ ਨੂੰ ਪਾਲਦੀ ਪੋਸ਼ਦੀ ਹੈ, ਜੀਵਨ ਨੂੰ ਵਧਾਉਂਦੀ ਹੈ। ਇਸੇ ਤਰ੍ਹਾਂ, ਸੱਚੀ ਸੇਵਾ ਲਈ ਸਾਨੂੰ ਹੰਕਾਰ ਅਤੇ ਭਰਮ ਨੂੰ ਛੱਡਣ ਦੀ ਲੋੜ ਹੁੰਦੀ ਹੈ, ਤਾਂ ਜੋ ਸਾਡਾ ਮਨ ਵਿਸ਼ਵਵਿਆਪੀ ਪਰਉਪਕਾਰ ਦੀ ਭਾਵਨਾ ਨਾਲ ਸਰਸ਼ਾਰ ਹੋ ਵਿਗਸਤ ਹੋ ਸਕੇ।

ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ ॥
ਫਰੀਦ ਕਹਿੰਦੇ ਹਨ, ਆਪਣੇ ਅੰਤਹਕਰਣ ਦੇ ਸ਼ੰਕਿਆ ਨੂੰ ਦੂਰ ਕਰਨ ਲਈ ਸਰਬ-ਵਿਆਪੀ ਅੰਤਰੀਵੀ ਪ੍ਰਭੁਸੱਤਾ ਦੀ ਸੇਵਾ ਵਿਚ ਜੁੱਟ ਜਾਵੋ। ਇਹ ਸੇਵਾ ਨੂੰ ਮੁੜ ਪਰਿਭਾਸ਼ਿਤ ਕਰਦੀ ਹੈ ਜੋ ਬਾਹਰੀ ਸਤਾ ਨੂੰ ਖੁਸ਼ ਕਰਨ ਵਜੋਂ ਨਹੀਂ, ਸਗੋਂ ਮਨ ਅੰਦਰ ਪਲਦੇ ਡਰ ਅਤੇ ਅਸੁਰੱਖਿਆ ਦੀ ਭਾਵਨਾ ਨੂੰ ਮੁਕਤ ਕਰਨ ਲਈ ਕੀਤੀ ਜਾਂਦੀ ਹੈ।

ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ ॥੬੦॥
ਪਾਕ ਸਾਧਕਾਂ ਨੂੰ ਰੁੱਖਾਂ ਵਾਂਗ ਧੀਰਜ ਅਤੇ ਸਹਿਣਸ਼ੀਲਤਾ ਦੀ ਲੋੜ ਹੁੰਦੀ ਹੈ। ਇਹ ਭਾਵ ਉਸ ਗੂੜ੍ਹ ਅਡੋਲਤਾ ਵੱਲ ਇਸ਼ਾਰਾ ਕਰਦਾ ਹੈ ਜੋ ਜੀਵਨ ਦੀਆਂ ਚੁਣੌਤੀਆਂ ਦੀ ਨਿਸ਼ਾਨਦੇਹੀ ਕਿਰਪਾ ਅਤੇ ਸਮਰਥਾ ਨਾਲ ਕਰਨ ਦੇ ਯੋਗ ਬਣਾਉਂਦੀ ਹੈ। (੬੦)

ਤੱਤ: ਸ਼ੇਖ ਫ਼ਰੀਦ ਰੂਹਾਨੀ ਵਿਕਾਸ ਲਈ ਲੋੜੀਂਦੇ ਸਬਰ ਨੂੰ ਦਰਸਾਉਣ ਲਈ ਰੁੱਖ ਦੀ ਉਦਾਹਰਣ ਦਿੰਦੇ ਹਨ। ਰੁੱਖ ਕਦੇ ਵੀ ਹਵਾ ਨਾਲ ਕੋਈ ਝਗੜਾ-ਝੇੜਾ ਖੜ੍ਹਾ ਨਹੀਂ ਕਰਦਾ ਸਗੋਂ ਉਸ ਅੱਗੇ ਨਿਮਰਤਾ ਨਾਲ

ਝੁੱਕ ਆਪਣੀਆਂ ਜੜ੍ਹਾਂ ਨਾਲ ਜੁੜਿਆ ਰਹਿੰਦਾ ਹੈ। ਇਸਦੀ ਅਸਲ ਸਮਰਥਾ ਇਸ ਦੀ ਅਨੁਕੂਲਤਾ ਵਿਚ ਹੈ, ਜੋ ਇਸਨੂੰ ਜ਼ਮੀਨ 'ਤੇ ਟਿਕਾਈ ਰੱਖਦੀ ਹੈ। ਇਸੇ ਤਰ੍ਹਾਂ, ਰੂਹਾਨੀ ਯਾਤਰਾ ਲਈ ਸਾਨੂੰ ਅੰਤਰੀਵੀ ਸਥਿਰਤਾ ਅਤੇ ਸਹਿਜਤਾ ਪੈਦਾ ਕਰਨ ਦੀ ਲੋੜ ਹੁੰਦੀ ਹੈ। ਅਸਲ ਢਾਲੂਪੁਣਾ ਬਾਹਰੀ ਹਾਲਾਤਾਂ ਨੂੰ ਕਾਬੂ ਕਰਨ ਵਿਚ ਨਹੀਂ, ਸਗੋਂ ਬਦਲਾਵ ਦੇ ਚਲਦਿਆਂ ਸਥਿਰ ਅਤੇ ਜਾਗਰੂਕ ਹੋਣ ਵਿਚ ਹੈ।

---


ਪਹਿਲਕਦਮੀ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**